ਤਸਰ ਵਿਕਾਸ ਅਥਾਰਟੀ, ਪੁੱਡਾ ਭਵਨ, ਗੁਰੂ ਰਾਮ ਦਾਸ ,ਅਰਬਨ ਅਸਟੇਟ , ਅੰਮ੍ਰਿਤਸਰ

## ਪਬਲਿਕ ਨੋਟਿਸ

ਅੰਮ੍ਰਿਤਸਰ ਵਿਕਾਸ ਅਥਾਰਟੀ ਵਲੋਂ ਗਲਿਆਰਾ ਪ੍ਰੋਜੈਕਟ,ਅੰਮ੍ਰਿਤਸਰ ਹੇਠ ਲਿਖੇ ਕੰਮਾਂ ਦੀ ਖੁਲੀ ਬੋਲੀ ਕਰਵਾਈ ਜਾਣੀ ਹੈ:-

1) ਗਲਿਆਰਾ ਪ੍ਰੋਜੈਕਟ ਅਧੀਨ ਚੱਲ ਰਹੀਂ 10 ਛੋਟੀਆ ਕਾਰ/ਸਕੂਟਰ ਪਾਰਕਿੰਗਾਂ ਦਾ ਇਕ ਸਾਲ ਲਈ ਠੇਕਾ।

2) ਗਲਿਆਰਾ ਪ੍ਰੋਜੈਕਟ ਅਧੀਨ ਚੱਲ ਰਹੇ ਪ੍ਰੀ-ਪੇਡ ਟੈਕਸੀ ਸਟੈਂਡ ਦਾ ਤਿੰਨ ਸਾਲ ਲਈ ਠੇਕਾ।

3) ਗਲਿਆਰਾ ਪ੍ਰੋਜੈਕਟ ਅਧੀਨ ਚੱਲ ਰਹੇ ਲੈਵਾਟਰੀ ਸੈਟਾਂ ਦਾ ਦੋ ਸਾਲ ਲਈ ਠੇਕਾ।

ਖੁਲੀ ਬੋਲੀ ਮਿਤੀ 02/05/2025 ਨੂੰ ਸਵੇਰੇ 11.00 ਵਜੇ, ਪੁੱਡਾ ਭਵਨ, ਗੁਰੂ ਰਾਮ ਦਾਸ ,ਅਰਬਨ ਅਸਟੇਟ,ਅੰਮ੍ਰਿਤਸਰ ਵਿਖੇ ਕੀਤੀ ਜਾਣੀ ਹੈ।ਬੋਲੀ ਨਾਲ ਸਬੰਧਤ ਸਾਰੀਆਂ ਲੋਕੇਸ਼ਨ/ਸ਼ਰਤਾ/ਫੀਸਾਂ **www.adaamritsar.gov.in** ਵੈਬਸਾਈਟ ਤੇ ਅਪਲੋਡ ਹਨ।ਪਾਰਕਿੰਗ ਦੀਆਂ ਸਾਈਟਾਂ ਦੀ ਲੋਕੇਸ਼ਨ ਦੇਖਣ ਲਈ ਨਿਜੀ ਤੌਰ ਤੇ ਨੰ:9914102827, 8984200009 ਤੇ ਸੰਪਰਕ ਕੀਤਾ ਜਾਵੇ।

ਅਸਟੇਟ ਅਫ਼ਸਰ,
ਗਲਿਆਰਾ ਪ੍ਰੋਜੈਕਟ,
ਏਡੀਏ,ਅੰਮ੍ਰਿਤਸਰ ।

Scanned with OKEN Scanner

10 ਛੋਟੀਆ ਪਾਰਕਿੰਗਾ ਦਾ ਵੇਰਵਾ:

1) ਗੁਰਦੁਆਰਾ ਸ੍ਰੀ ਬਾਬਾ ਅੱਟਲ ਸਾਹਿਬ ਜੀ ਦੇ ਸਾਹਮਣੇ (105 ਵ:ਗਜ)

2) ਗਲਿਆਰਾ ਪੁਲਿਸ ਥਾਣੇ ਵਾਲੀ ਬਣ ਰਹੀ ਬਿਲਡਿੰਗ ਦੇ ਕੋਲ ਟਿਊਬਵੈਲ ਦੇ ਆਲੇ ਦੁਆਲੇ(315 ਵ:ਗਜ)

3) ਗੁਰਦੁਆਰਾ ਸ੍ਰੀ ਕੋਲਸਰ ਸਾਹਿਬ ਜੀ ਦੇ ਸਾਹਮਣੇ(99 ਵ:ਗਜ)

4) ਬੀਰਾ ਹਲਵਾਈ ਦੇ ਸਾਹਮਣੇ ਮੁੱਖ ਆਟਾ ਮੰਡੀ ਪਾਰਕਿੰਗ(684 ਵ:ਗਜ)

5) ਆਟਾ ਮੰਡੀ ਬਣੇ ਟਾਇਲਟ ਬਲਾਕ-1 ਦੇ ਬਾਹਰ(110 ਵ:ਗਜ)

6) ਆਟਾ ਮੰਡੀ ਬਜ਼ਾਰ ਦੇ ਮੋੜ ਤੇ ਬੀ.ਸੀ.ਐਨ.ਐਲ ਦੀ ਇਮਾਰਤ ਦੇ ਨਾਲ (58 ਵ:ਗਜ)

7) ਆਟਾ ਮੰਡੀ ਬਜ਼ਾਰ ਲੰਘ ਕੇ ਗਲੀ ਤਰਖਾਣਾ ਦੇ ਬਾਹਰ(246 ਵ:ਗਜ)

8) ਪਾਪੜਾ ਵਾਲੇ ਬਜ਼ਾਰ ਦੇ ਬਾਹਰ ਸ੍ਰੀ ਅਕਾਲ ਤਖਤ ਸਾਹਿਬ ਦੀ ਐਂਟਰੀ ਦੇ ਸਾਹਮਣੇ(64 ਵ:ਗਜ)

9) ਬਜ਼ਾਰ ਕਾਠੀਆ ਕੋਲ ਜੈਨ ਹਾਈ ਸਕੂਲ ਦੇ ਬਾਹਰ (423 ਵ:ਗਜ)

10)ਬਜ਼ਾਰ ਮਾਈ ਸੇਵਾ ਕੋਲ ਐਸ.ਜੀ.ਪੀ.ਸੀ ਦੀ ਨਵੀ ਪਾਰਕਿੰਗ ਦੇ ਸਾਹਮਣੇ ਬਣੇ ਹੋਟਲ ਹਰੀਦਰਸ਼ਨ ਦੇ ਬਾਹਰ(70 ਵ:ਗਜ)

## ਕਾਰ/ਸਕੂਟਰ ਪਾਰਕਿੰਗ ਦੀਆਂ ਸ਼ਰਤਾਂ

1) ਠੇਕੇ ਦਾ ਸਮਾਂ ਇਕ ਸਾਲ ਲਈ ਹੋਵੇਗਾ। ਇਹ ਠੇਕਾ ਖੁੱਲੀ ਬੋਲੀ ਰਾਹੀਂ ਨਿਲਾਮ ਕੀਤੇ ਜਾਣਗੇ।

2) ਮੌਕੇ ਤੇ ਬੋਲੀ ਮਨਸੂਖ ਕਰਨ ਜਾਂ ਮਨਜ਼ੂਰ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਅੰਤਿਮ ਬੋਲੀ ਦੀ ਘੋਸ਼ਣਾ ਘੱਟੋ-ਘੱਟ ਤਿੰਨ ਵਿਅਕਤੀਆਂ/ਬੋਲੀਕਾਰਾਂ ਦੇ ਹਸਤਾਖਰ ਹੋਣ ਉਪਰੰਤ ਕੀਤੀ ਜਾਵੇਗੀ।

3) ਠੇਕੇਦਾਰ ਵਲੋਂ ਬੋਲੀ ਦੇਣ ਤੋਂ ਪਹਿਲਾ Earnest Money 50,000/- ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਸਫਲਤਾ ਪੂਰਵਕ ਬੋਲੀ ਹੋਣ ਤੇ ਸਫ਼ਲ ਬੋਲੀ ਕਰਤਾ ਦੀ Earnest Money ਸਕਿਊਰਟੀ ਰਕਮ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ।

4) ਨਿਲਾਮੀ ਬੋਲੀ ਦੀ ਅੰਤਿਮ ਮਨਜ਼ੂਰੀ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਪ੍ਰੋਜੈਕਟ ਡਾਇਰੈਕਟਰ, ਅੰਮ੍ਰਿਤਸਰ ਜੀ ਦੀ ਪ੍ਰਵਾਨਗੀ ਤੋਂ ਬਾਅਦ ਹੀ ਠੇਕੇ ਤੇ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇਗੀ।

5) ਠੇਕੇਦਾਰ ਨੂੰ ਸਫਾਈ ਅਤੇ ਰਸਤੇ ਆਦਿ ਦਾ ਪੂਰਾ ਧਿਆਨ ਰੱਖਣਾ ਪਵੇਗਾ ਅਤੇ ਠੇਕਾ ਅੱਗੇ ਸਬਲਿਟ ਨਹੀ ਕਰੇਗਾ। ਜੇਕਰ ਠੇਕਾ ਸਬਲਿਟ ਕੀਤਾ ਜਾਂਦਾ ਹੈ ਤਾਂ ਠੇਕਾ ਰੱਦ ਕਰ ਦਿੱਤਾ ਜਾਵੇਗਾ।

6) ਠੇਕੇਦਾਰ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਪਾਰਕਿੰਗ ਕੰਪਲੈਕਸ ਵਿੱਚ ਕਿਸੇ ਵੀ ਤਰ੍ਹਾਂ ਦੀ ਐਡਵਰਟਾਈਜਮੈਂਟ/ਪਬਲਿਸਟੀ ਨਹੀਂ ਕੀਤੀ ਜਾਵੇਗੀ ਅਤੇ ਪਾਰਕਿੰਗ ਕੰਪਲੈਕਸ ਤੋਂ ਬਾਹਰ ਵਹੀਕਲ ਖੜਾ ਨਹੀਂ ਕੀਤਾ ਜਾਵੇਗਾ , ਜੇਕਰ ਠੇਕੇਦਾਰ ਵੱਲੋਂ ਇਸ ਤਰ੍ਹਾਂ ਕੀਤਾ ਜਾਂਦਾ ਹੈ ਤਾਂ ਠੇਕਾ ਤੁਰੰਤ ਪ੍ਰਭਾਵ ਤੋਂ ਬਿਨਾਂ ਕਿਸੇ ਨੋਟਿਸ ਦਿੱਤੇ ਠੇਕਾ ਕੈਂਸਲ ਕਰ ਦਿੱਤਾ ਜਾਵੇਗਾ।

7) ਠੇਕਾ ਜਿਸ ਵਿਅਕਤੀ ਦੇ ਨਾਮ ਤੇ ਮੰਜੂਰ ਹੋਵੇਗਾ ਉਸ ਨੂੰ ਬੋਲੀ ਦੀ ਪੂਰੀ ਰਾਸ਼ੀ ਦਾ 10% ਹਿੱਸਾ ਮੌਕੇ ਤੇ ਹੀ ਨਕਦ ਰਾਸ਼ੀ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਦਾ 15% ਹਿੱਸਾ 7 ਦਿਨਾ ਦੇ ਅੰਦਰ-ਅੰਦਰ ਡਿਮਾਂਡ ਡਰਾਫਟ ਜੋ ਮੁੱਖ ਪ੍ਰਸ਼ਾਸਕ, ਗਲਿਆਰਾ ਪ੍ਰੋਜੈਕਟ, ਏਡੀਏ,ਅੰਮ੍ਰਿਤਸਰ ਦੇ ਨਾ ਤੇ ਹੋਵੇ ਜਮ੍ਹਾਂ ਕਰਵਾਏਗਾ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਵਲੋਂ ਜਮ੍ਹਾਂ ਕਰਵਾਈ ਗਈ earnest money+10% ਰਾਸ਼ੀ ਜਬਤ ਕਰ ਲਈ ਜਾਵੇਗੀ ਅਤੇ ਉੱਚ ਬੋਲੀਕਾਰ ਵਾਲੇ ਦੇ ਨਾਮ ਤੇ ਠੇਕਾ ਮੰਜੂਰ ਕਰਨ ਦੀ ਪਹਿਲ ਅਸਟੇਟ ਅਫ਼ਸਰ, ਗਲਿਆਰਾ ਪ੍ਰੋਜੈਕਟ, ਅੰਮ੍ਰਿਤਸਰ ਵਲੋਂ ਦਿੱਤੀ ਜਾਵੇਗੀ।

8) ਬੋਲੀ ਦੀ ਬਕਾਇਆ ਰਹਿੰਦੀ ਰਾਸ਼ੀ ਦਾ 75% ਹਿੱਸਾ 03 ਬਰਾਬਰ ਤਿਮਾਹੀਆ ਕਿਸ਼ਤਾਂ ਵਿੱਚ ਤਿਮਾਹੀ ਸ਼ੁਰੂ ਹੋਣ ਤੋਂ 07 ਦਿਨ ਵਿੱਚ 12% ਵਿਆਜ ਨਾਲ ਲਿਆ ਜਾਵੇਗਾ। ਬਣਦੀ ਕਿਸ਼ਤ ਸਮੇਤ ਵਿਆਜ ਤੋਂ ਘੱਟ ਦੀ ਰਕਮ ਮੰਜੂਰ ਨਹੀਂ ਕੀਤੀ ਜਾਵੇਗੀ।ਕਿਸ਼ਤਾ ਲੇਟ ਹੋਣ ਦੀ ਸੂਰਤ ਵਿੱਚ 12%+3% ਦੰਢ ਵਿਆਜ ਨਾਲ ਲਿਆ ਜਾਵੇਗਾ।

For example:

| From | To | Rent to be deposited with 12% |
|---|---|---|
| 01-April | 30-June | From 01-07 April |
| 01-Jul | 30-Sep. | From 01-07 July |
| 01-Oct | 31-Dec. | From 01-07 Oct. |

9) ਜੇਕਰ ਠੇਕੇਦਾਰ/ਏਜੰਸੀ ਵਲੋਂ ਦੋ ਤਿਮਾਹੀ ਕਿਸ਼ਤਾ ਦੀ ਲਗਾਤਾਰ ਅਦਾਇਗੀ ਨਹੀਂ ਕੀਤੀ ਜਾਂਦੀ ਤਾਂ ਬਿਨਾਂ ਨੋਟਿਸ ਜਾਰੀ ਕੀਤੇ ਅਲਾਟਮੈਂਟ ਰੱਦ ਸਮਝੀ ਜਾਵੇਗੀ।

10) ਸਫ਼ਲ ਬੋਲੀਕਾਰ ਇਕ ਹਫ਼ਤੇ ਦੇ ਅੰਦਰ-ਅੰਦਰ ਅਲਾਟਮੈਂਟ ਪੱਤਰ ਜਾਰੀ ਹੋਣ ਤੋਂ ਬਾਅਦ ਸਾਈਟ ਤੇ ਕੰਮ ਨਹੀਂ ਲੈਣਾ ਚਾਹੁੰਦਾ ਹੈ,ਤਾਂ ਅਲਾਟਮੈਂਟ ਰੱਦ ਕਰਦੇ ਹੋਏ ਉਸ ਦੁਆਰਾ ਜਮ੍ਹਾਂ ਕਰਵਾਈ ਗਈ ਰਾਸ਼ੀ ਜਬਤ ਕਰ ਲਈ ਜਾਵੇਗੀ।

11) ਠੇਕੇਦਾਰ ਕਿਸੇ ਨੂੰ ਵੀ ਭਾਈਵਾਲ ਨਹੀਂ ਰੱਖੇਗਾ ਅਤੇ ਠੇਕਾ ਇਕ ਵਿਅਕਤੀ ਦੇ ਨਾਮ ਹੋਵੇਗਾ ਇਸ ਸ਼ਰਤ ਦੀ ਉਲੰਘਣਾ ਪਾਏ ਜਾਣ ਤੇ ਠੇਕਾ ਬਿਨ੍ਹਾਂ ਕਿਸੇ ਨੋਟਿਸ ਦੇ ਦਿੱਤਿਆ ਰੱਦ ਕਰ ਦਿੱਤਾ ਜਾਵੇਗਾ ਅਤੇ ਪ੍ਰਵਾਨਤ ਬੋਲੀ ਦੀ ਰਾਸ਼ੀ ਵਿੱਚੋ ਬਕਾਇਆ ਰਹਿੰਦੀ ਰਕਮ ਉਸ ਪਾਸੋ ਬਤੌਰ ਭੋ ਮਾਲੀਆਂ ਵਸੂਲ ਕੀਤੀ ਜਾਵੇਗੀ। ਠੇਕੇਦਾਰ ਆਪਣੀ ਮਦਦ ਲਈ 18 ਸਾਲ ਤੋਂ ਘੱਟ ਉਮਰ ਦੇ ਬੱਚਿਆ ਨੂੰ ਕੰਮ ਲਈ ਨਹੀਂ ਰੱਖੇਗਾ।

12) ਉਹ ਵਿਅਕਤੀ ਕਿਸੇ ਵੀ ਮੱਦ ਦੀ ਬੋਲੀ ਦੇਣ ਦਾ ਹੱਕਦਾਰ ਨਹੀਂ ਹੋਵੇਗਾ ਜੋ ਪਹਿਲਾ ਸਰਕਾਰ ਦਾ ਬਾਕੀਦਾਰ ਹੋਵੇ।

13) ਕਿਸੇ ਤਰ੍ਹਾਂ ਦਾ ਕੋਈ ਵੀ ਟੈਕਸ ਠੇਕੇਦਾਰ ਵਲੋਂ ਆਪਣੇ ਪੱਧਰ ਤੇ ਹੀ ਭਰਿਆ ਜਾਵੇਗਾ।

14) ਜੇਕਰ ਕਿਸੇ ਵੀ ਸਮੇਂ ਕਿਸੇ ਵੀ ਸ਼ਰਤ ਦੀ interpretation ਦਾ ਕੋਈ doubt ਆਉਂਦਾ ਹੈ ਜਾਂ 2 interpretation ਨਿਕਲਦੀਆਂ ਹਨ ਤਾਂ ਸਮਰਥ ਅਧਿਕਾਰੀ ਵਲੋਂ ਕੀਤੀ ਗਈ interpretation ਨੂੰ final ਸਮਝਿਆ ਜਾਵੇਗਾ।

15) ਅਚਾਨਕ ਜੰਗ/ਭੁਚਾਲ/ਹੜ੍ਹ ਕੋਵਿਡ ਜਾਂ ਹੋਰ ਕੁਦਰਤੀ ਆਫਤਾਂ ਕਾਰਨ ਆਵਾਜਾਈ ਬੰਦ ਰਹਿੰਦੀ ਹੈ ਕਰੋਨਾ ਮਹਾਂਮਾਰੀ ਕਾਰਨ ਲਾਕਡਾਊਨ ਘੋਸ਼ੀਤ ਕੀਤਾ ਹੈ ਤਾਂ ਇਸ ਬੰਦੀ ਦੇ ਸਮੇ ਲਈ ਠੇਕੇਦਾਰ ਠੇਕੇ ਦੀ ਰਕਮ ਜਮ੍ਹਾਂ ਕਰਾਉਣ ਲਈ ਪਾਬੰਦ ਨਹੀ ਹੋਵੇਗਾ।

16) ਸਮਰਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਠੇਕੇ ਦੀ ਮਿਆਦ ਨੂੰ ਵਧਾਇਆ ਜਾ ਸਕਦਾ ਹੈ।

17) ਠੇਕੇਦਾਰ ਪਾਰਕਿੰਗ ਵਿੱਚ ਆਪਣੇ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਦਾ ਵੇਰਵਾ(ਨਾਮ ਮੋਬਾਇਲ ਨੰਬਰ ਆਦਿ) ਲਿਖਤੀ ਰੂਪ ਵਿੱਚ ਦੇਵੇਗਾ ਅਤੇ ਜੇਕਰ ਕਿਸੇ ਕਾਰਨ ਕਰਕੇ ਕਿਸੇ ਕਰਮਚਾਰੀ ਦਾ ਬਦਲਾਅ ਹੁੰਦਾ ਹੈ ਤਾਂ ਉਸ ਸਬੰਧੀ ਵੀ ਠੇਕੇਦਾਰ ਲਿਖ ਕੇ ਦੇਵੇਗਾ।

18) ਠੇਕੇਦਾਰ ਪਾਰਕਿੰਗ ਸਟੇਡ ਅੰਦਰ ਆਉਣ ਜਾਣ ਵਾਲੇ ਰਸਤੇ ਨੂੰ ਛੱਡ ਕੇ ਗੱਡੀਆਂ ਪਾਰਕਿੰਗ ਕਰਾਉਣ ਦਾ ਜਿੰਮੇਵਾਰ ਹੋਵੇਗਾ।

19) ਗਲਿਆਰਾ ਪ੍ਰੋਜੈਕਟ, ਏਡੀਏ, ਅੰਮ੍ਰਿਤਸਰ ਬਿਨਾਂ ਕਿਸੇ ਕਾਰਨ ਦੱਸੇ ਇਕ ਮਹੀਨੇ ਦਾ ਨੋਟਿਸ ਦੇ ਕੇ ਅਲਾਟਮੈਂਟ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ।

20) ਠੇਕੇਦਾਰ/ਏਜੰਸੀ ਇਮਾਰਤ ਦੇ ਕਿਸੇ ਵੀ ਹਿੱਸੇ ਤੇ ਕੋਈ ਇਸਤਿਹਾਰ ਪ੍ਰਦਰਸ਼ਿਤ ਨਹੀਂ ਕਰੇਗਾ ਜਾਂ ਹੋਰਡਿੰਗ ਨਹੀਂ ਲਗਾਏਗਾ।

21). ਪਾਰਕਿੰਗ ਸਟੈਂਡ ਅੰਦਰ ਲੱਗੀ ਸੀ.ਸੀ.ਟੀ.ਵੀ. ਕੈਮਰੇ ਅੱਗ ਬੁਝਾਉ ਯੰਤਰ ,ਬਾਲਟੀਆਂ ਮਸ਼ੀਨਰੀ ਅਤੇ ਹੋਰ ਸਹੂਲਤਾਂ ਦੇ ਰੱਖ-ਰਖਾਵ ਸਬੰਧੀ ਆਪ ਪਾਰਕਿੰਗ ਦੇ ਜਿੰਮੇਵਾਰ ਹੋਵੇਗਾ ਅਤੇ ਇਸ ਸਪੱਤੀ ਨੂੰ ਹੋਏ ਨੁਕਸਾਨ ਦਾ ਵੀ ਪੂਰੀ ਤਰ੍ਹਾਂ ਜਿੰਮੇਵਾਰ ਹੋਵੇਗਾ। ਠੇਕੇਦਾਰ ਪਾਰਕਿੰਗ ਸਟੈਂਡ ਅੰਦਰ ਕਿਸੇ ਤਰ੍ਹਾਂ ਦੀ ਕੋਈ ਉਸਾਰੀ ਨਹੀ ਕਰ ਸਕਦਾ ।

22). ਪਾਰਕਿੰਗ ਸਟੈਂਡ ਆਪਣੇ ਠੇਕੇ ਦਾ ਕੰਮ ਆਪਣੀ ਹਦੂਦ ਅੰਦਰ ਨਿਰਧਾਰਤ ਜਗ੍ਹਾਂ ਤੇ ਹੀ ਕਰੇਗਾ। ਜੇਕਰ ਪਾਰਕਿੰਗ ਦੇ ਅੰਦਰ ਕੋਈ ਵਾਹਨ ਚੋਰੀ ਹੋ ਜਾਂਦੀ ਹੈ ਤਾਂ ਉਸਦੀ ਜਿੰਮੇਵਾਰੀ ਠੇਕੇਦਾਰ ਪਾਰਕਿੰਗ ਸਟੈਂਡ ਦੀ ਹੋਵੇਗੀ। ਇਸ ਦਾ ਦਫਤਰ ਨਾਲ ਕੋਈ ਸਬੰਧ ਨਹੀ ਹੈ।

23). ਪਾਰਕਿੰਗ ਸਟੈਂਡ ਨੂੰ ਚੰਗੀ ਤਰ੍ਹਾਂ ਨੋਟ ਕਰ ਲੈਣਾ ਚਾਹੀਦਾ ਹੈ ਜੋ ਵਿਅਕਤੀ ਉਸਦੇ ਠੇਕੇ ਦੀ ਹਦੂਦ ਅੰਦਰ ਵਾਹਨ ਖੜਾ ਕਰਦਾ ਹੈ ਉਸ ਤੋ ਹੀ ਉਸਨੇ ਵਾਹਨ ਦਾ ਕਿਰਾਇਆ ਵਸੂਲਣਾ ਹੈ ਠੇਕੇਦਾਰ ਪਾਰਕਿੰਗ ਸਟੈਂਡ ਆਪਣੇ ਠੇਕੇ ਦੀ ਹਦੂਦ ਅੰਦਰ ਪ੍ਰਸ਼ਾਸਨ ਵੱਲੋ ਨੀਯਤ ਕੀਤੀ ਗਈ ਫੀਸ ਹੀ ਵਸੂਲ ਕਰੇਗਾ ।ਆਮ ਜਨਤਾ ਦੇ ਵਹੀਕਲ ਪਾਰਕਿੰਗ ਸਟੈਂਡ ਅੰਦਰ ਲਗਵਾਉਣ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ। ਦਫਤਰ ਦਾ ਇਸ ਗੱਲ ਨਾਲ ਕੋਈ ਸਬੰਧ ਨਹੀ ਹੋਵੇਗਾ।

24. ਆਪ ਠੇਕੇ ਵਿੱਚ ਨਿਰਧਾਰਿਤ ਪਾਰਕਿੰਗ ਸਥਾਨਾਂ ਉਪਰ ਪਾਰਕਿੰਗ ਛਪਵਾਕੇ ਬੋਰਡ/ਫਲੈਕਸ ਲਗਾਉਣ ਦਾ ਜਿੰਮੇਵਾਰ ਹੋਵੇਗਾ। ਠੇਕੇਦਾਰ ਪਾਰਕਿੰਗ ਸਟੈਂਡ ਆਪਣੀ ਕੰਮ ਕਰਨ ਵਾਲੀ ਜਗ੍ਹਾਂ ਤੇ ਆਮ ਜਨਤਾ ਦੀ ਜਾਣਕਾਰੀ ਲਈ ਨਿਰਧਾਰਤ ਰੇਟਾਂ ਦੀ ਸੂਚੀ ਲਟਕਾਉਣ ਲਈ ਪਾਬੰਧ ਹੋਵੇਗਾ।

25. ਪਾਰਕਿੰਗ ਦੀ ਹਦੂਦ ਅੰਦਰ ਵਹੀਕਲ ਖੜੇ ਕਰਨ ਦਾ ਕਿਰਾਇਆ ਹੇਠ ਲਿਖੇ ਅਨੁਸਾਰ ਹੋਵੇਗਾ:-

| ਲੜੀ ਨੰ: | ਮੱਦ | ਪਾਰਕਿੰਗ ਰੇਟ |
|---|---|---|
| 1 | ਸਾਇਕਲ | 10/-ਰੁਪਏ |
| 2 | ਸਕੂਟਰ/ਮੋਟਰ ਸਾਇਕਲ | 15/- ਰੁਪਏ |
| 3 | ਆਟੋ/ਥ੍ਰੀ ਵਹੀਲਰ | 30/-ਰੁਪਏ |
| 4 | ਕਾਰ/ਜੀਪ/ਵੈਨ | 40/- ਰੁਪਏ |

26. ਜੇਕਰ ਠੇਕੇਦਾਰ ਪਾਰਕਿੰਗ ਸਟੈਂਡ ਠੇਕਾ ਮਿਆਦ ਤੋ ਪਹਿਲਾਂ ਛੱਡ ਕੇ ਜਾਂਦਾ ਹੈ ਤਾਂ ਆਪ ਪਾਰਕਿੰਗ ਸਟੈਂਡ ਦੀ ਸਕਿਉਰਟੀ ਵੱਜੋ ਜਮ੍ਹਾਂ ਰਕਮ ਜਬਤ ਕਰ ਲਈ ਜਾਵੇਗੀ ਅਤੇ ਆਪ ਤੇ ਠੇਕੇ ਦੀ ਕੁੱਲ ਰਕਮ 18% ਵਿਆਜ ਵਸੂਲ ਕੀਤਾ ਜਾਵੇਗਾ। ਆਪ ਵੱਲੋ ਸ਼ਰਤਾਂ ਦੀ ਉਲੰਘਣਾ ਬਾਰੇ ਡਿਪਟੀ ਕਮਿਸ਼ਨਰ-ਕਮ-ਪੋਜੈਕਟ ਡਾਇਰੈਕਟਰ, ਗਲਿਆਰਾ ਪ੍ਰੋਜੈਕਟ, ਅੰਮ੍ਰਿਤਸਰ ਜਾਂ ਉਹਨਾ ਵੱਲੋ ਲਿਆ ਗਿਆ ਫੈਸਲਾ ਆਖਰੀ ਹੋਵੇਗਾ । ਆਪ ਦੇ ਕਸੂਰ/ਵਜ੍ਹਾਂ ਜਾਂ ਠੇਕੇ ਦੀ ਨਿਰਧਾਰਤ ਸ਼ਰਤਾਂ ਦੀ ਉਲੰਘਣਾ ਕਰਨ ਕਾਰਨ ਜੇਕਰ ਠੇਕਾ ਦੁਬਾਰਾ ਨਿਲਾਮ ਕੀਤਾ ਜਾਂਦਾ ਹੈ ਤਾਂ ਠੇਕੇਦਾਰ ਪਾਸੋ ਸਰਕਾਰ ਨੂੰ ਹੋਣ ਵਾਲੇ ਘਾਟੇ ਦੀ ਰਕਮ ਵਸੂਲ ਕੀਤੀ ਜਾਵੇਗੀ।

27) ਠੇਕੇਦਾਰ ਪਾਰਕਿੰਗ ਸਟੈਂਡ ਨੂੰ ਚੰਗੀ ਤਰ੍ਹਾਂ ਨੋਟ ਕਰ ਲੈਣਾ ਚਾਹੀਦਾ ਹੈ ਕਿ ਪਾਰਕਿੰਗ ਕੰਪਲੈਕਸ ਠੇਕੇ ਤੋਂ as is where is basis ਤੇ ਦਿੱਤਾ ਜਾਵੇਗਾ ਅਤੇ ਠੇਕੇਦਾਰ ਮੌਕੇ ਨੂੰ ਚੰਗੀ ਤਰ੍ਹਾ ਦੇਖ ਕੇ ਬੋਲੀ ਦਿੱਤੀ ਜਾਵੇ।

ਉਪਰੋਕਤ ਸਾਰੀਆਂ ਸ਼ਰਤਾਂ ਮੌਜੂਦਾ ਬੋਲੀਕਾਰ/ਠੇਕੇਦਾਰ ਨੂੰ ਪ੍ਰਵਾਨ ਕਰਨੀਆ ਹੋਣਗੀਆਂ ਅਤੇ ਜੇਕਰ ਠੇਕੇਦਾਰ ਉਕਤ ਸ਼ਰਤਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੀ ਠੇਕੇਦਾਰੀ ਤੁਰੰਤ ਮਾਨਯੋਗ ਡਿਪਟੀ ਕਮਿਸ਼ਨਰ-ਪ੍ਰੋਜੈਕਟ ਡਾਇਰੈਕਟਰ, ਗਲਿਆਰਾ ਪ੍ਰੋਜੈਕਟ, ਅੰਮ੍ਰਿਤਸਰ ਜੀ ਵੱਲੋਂ ਰੱਦ ਕਰ ਦਿੱਤੀ ਜਾਵੇਗੀ ਅਤੇ ਠੇਕੇਦਾਰ ਦਾ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਅਤੇ ਨਾ ਹੀ ਠੇਕੇਦਾਰ ਨੂੰ ਕਿਸੇ ਕਿਸਮ ਦਾ ਕੋਈ ਹਰਜਾਨਾ ਦਿੱਤਾ ਜਾਵੇਗਾ। ਠੇਕੇ ਦੀ ਬਕਾਇਆ ਦੀ ਰਹਿੰਦੀ ਰਾਸ਼ੀ ਠੇਕੇਦਾਰ ਪਾਸੋ ਵਸੂਲ ਕੀਤੀ ਅਤੇ ਉਸ ਵਿਰੁੱਛ ਸਖਤ ਕਾਰਵਾਈ ਕੀਤੀ ਜਾਵੇਗੀ।

ਰਾਖਵੀ ਅਤੇ ਰਿਜਰਵ ਕੀਮਤ

| Sr.No. | Description of work | Reserve Rate(P.Y)+GST Extra | Earnetst Money | Rate to be quoted by the agency +GST extra |
|---|---|---|---|---|
| 1 | Car Scooter Parking, Galiara Project, Amritsar for 1 year. | 16.80 Lac(P.Y)+GST Extra | Rs.50,000/- | |

ਮੁੱਖ ਪ੍ਰਸ਼ਾਸਕ,
ਗਲਿਆਰਾ ਪ੍ਰੋਜੈਕਟ,
ਏਡੀਏ, ਅੰਮ੍ਰਿਤਸਰ।

ਪ੍ਰੀ-ਪੇਡ ਟੈਕਸੀ ਸਟੈਂਡ ਲਗਾਉਣ ਲਈ ਜਗਾਵਾਂ ਦਾ ਵੇਰਵਾ:-

(1) ਇਕ ਖੋਖਾ ਗਲਿਆਰਾ ਪ੍ਰੋਜੈਕਟ ਅਧੀਨ ਮੋਚੀ ਬਜ਼ਾਰ ਵਿਖੇ ਲੰਗਰ ਵਾਲੇ ਪਾਸਿਓ ਸੁਰਆਤ ਤੇ ਖੱਬੇ ਹੱਥ(ਰਕਬਾ 8.70 ਵ.ਗਜ)।

(2) ਦੂਸਰਾ ਖੋਖਾ ਵੇਰਕਾ ਬੂਥ ਦੇ ਨਾਲ ਗੁੰਬਦ ਵਿੱਚ (ਰਕਬਾ 9.11 ਵ.ਗਜ)

## Terms And Conditions Of Pre-Paid Taxi Stand

1) ਠੇਕੇ ਦਾ ਸਮਾਂ ਤਿੰਨ ਸਾਲ ਲਈ ਹੋਵੇਗਾ। ਇਹ ਠੇਕਾ ਖੁੱਲੀ ਬੋਲੀ ਰਾਹੀਂ ਨਿਲਾਮ ਕੀਤਾ ਜਾਵੇਗਾ।

2) ਮੌਕੇ ਤੇ ਬੋਲੀ ਮਨਸੂਖ ਕਰਨ ਜਾਂ ਮੰਜ਼ੂਰ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਅੰਤਿਮ ਬੋਲੀ ਦੀ ਘੋਸ਼ਣਾ ਘੱਟੋ-ਘੱਟ ਤਿੰਨ ਵਿਅਕਤੀਆਂ/ਬੋਲੀਕਾਰਾਂ ਦੇ ਹਸਤਾਖਰ ਹੋਣ ਉਪਰੰਤ ਕੀਤੀ ਜਾਵੇਗੀ।

3) ਉਹ ਵਿਅਕਤੀ ਕਿਸੇ ਵੀ ਮੱਦ ਦੀ ਬੋਲੀ ਦੇਣ ਦਾ ਹੱਕਦਾਰ ਨਹੀਂ ਹੋਵੇਗਾ ਜੋ ਪਹਿਲਾ ਸਰਕਾਰ ਦਾ ਬਾਕੀਦਾਰ ਹੋਵੇ।

4) ਬੋਲੀਕਾਰ ਵਲੋਂ ਬੋਲੀ ਦੇਣ ਤੋਂ ਪਹਿਲਾ Earnest Money 1,00,000/-(ਨਕਦ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਸਫਲਤਾ ਪੂਰਵਕ ਬੋਲੀ ਹੋਣ ਤੇ ਸਫ਼ਲ ਬੋਲੀਕਰਤਾ ਦੀ Earnest Money ਸਕਿਊਰਟੀ ਰਕਮ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ।ਅਸਫ਼ਲ ਬੋਲੀਕਾਰ ਵਲੋਂ Earnest Money ਵਜੋਂ ਜਮ੍ਹਾਂ ਕਰਵਾਈ ਗਈ ਰਾਸ਼ੀ ਰਿਫੰਡ ਕਰ ਦਿੱਤੀ ਜਾਵੇਗੀ।

5) ਨਿਲਾਮੀ ਬੋਲੀ ਦੀ ਅੰਤਿਮ ਮੰਜ਼ੂਰੀ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਪ੍ਰੋਜੈਕਟ ਡਾਇਰੈਕਟਰ, ਅੰਮ੍ਰਿਤਸਰ ਜੀ ਦੀ ਪ੍ਰਵਾਨਗੀ ਤੋਂ ਬਾਅਦ ਹੀ ਠੇਕੇ ਤੇ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇਗੀ।

6) ਪ੍ਰੀ ਪੇਡ ਟੈਕਸੀ ਸਟੈਂਡ ਦੀਆ ਲੋਕੇਸ਼ਨਾ ਹੇਠ ਲਿਖੇ ਅਨੁਸਾਰ ਹਨ:
ਬੂਥ ਨੰ:1 ਮੋਚੀ ਬਜ਼ਾਰ ਵਿਖੇ ਲੰਗਰ ਵਾਲੇ ਪਾਸਿਓ ਸੁਰਆਤ ਤੇ ਖੱਬੇ ਹੱਥ(ਰਕਬਾ 8.70 ਵ.ਗਜ)।
ਬੂਥ ਨੰ:2 ਵੇਰਕਾ ਬੂਥ ਦੇ ਨਾਲ ਗੁੰਬਦ ਵਿੱਚ (ਰਕਬਾ 9.11 ਵ.ਗਜ)
ਨਿਮਨਹਸਤਾਖਰ ਦੇ ਦਿਸ਼ਾ ਨਿਰਦੇਸ ਅਨੁਸਾਰ ਬੂਥਾਂ ਨੂੰ ਸ਼ਿਫਟ ਕੀਤਾ ਜਾ ਸਕਦਾ ਹੈ।

7) ਠੇਕਾ ਜਿਸ ਵਿਅਕਤੀ ਦੇ ਨਾਮ ਤੇ ਮੰਜ਼ੂਰ ਹੋਵੇਗਾ ਉਸ ਨੂੰ ਬੋਲੀ ਦੀ ਪੂਰੀ ਰਾਸ਼ੀ ਦਾ 10% ਹਿੱਸਾ ਮੌਕੇ ਤੇ ਹੀ ਨਕਦ ਰਾਸ਼ੀ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਦਾ 15% ਹਿੱਸਾ 7 ਦਿਨਾ ਦੇ ਅੰਦਰ-ਅੰਦਰ ਡਿਮਾਂਡ ਡਰਾਫਟ ਜੋ ਮੁੱਖ ਪ੍ਰਸ਼ਾਸਕ, ਗਲਿਆਰਾ ਪ੍ਰੋਜੈਕਟ, ਏਡੀਏ,ਅੰਮ੍ਰਿਤਸਰ ਦੇ ਨਾ ਤੇ ਹੋਵੇ ਜਮ੍ਹਾਂ ਕਰਵਾਏਗਾ ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਵਲੋਂ ਜਮ੍ਹਾਂ ਕਰਵਾਈ ਗਈ earnest money+10% ਰਾਸ਼ੀ ਜਬਤ ਕਰ ਲਈ ਜਾਵੇਗੀ ਅਤੇ ਉੱਚ ਬੋਲੀਕਾਰ ਵਾਲੇ ਦੇ ਨਾਮ ਤੇ ਠੇਕਾ ਮੰਜ਼ੂਰ ਕਰਨ ਦੀ ਪਹਿਲ ਅਸਟੇਟ ਅਫ਼ਸਰ, ਗਲਿਆਰਾ ਪ੍ਰੋਜੈਕਟ, ਅੰਮ੍ਰਿਤਸਰ ਵਲੋਂ ਦਿੱਤੀ ਜਾਵੇਗੀ।

8) ਬੋਲੀ ਦੀ ਬਕਾਇਆ ਰਹਿੰਦੀ ਰਾਸ਼ੀ ਦਾ 75% ਹਿੱਸਾ 12 ਬਰਾਬਰ ਤਿਮਾਹੀਆ ਕਿਸ਼ਤਾਂ ਵਿੱਚ ਤਿਮਾਹੀ ਸ਼ੁਰੂ ਹੋਣ ਤੋਂ 07 ਦਿਨ ਵਿੱਚ 12% ਵਿਆਜ ਨਾਲ ਲਿਆ ਜਾਵੇਗਾ। ਬਣਦੀ ਕਿਸ਼ਤ ਸਮੇਤ ਵਿਆਜ ਤੋਂ ਘੱਟ ਦੀ ਰਕਮ ਮੰਜ਼ੂਰ ਨਹੀਂ ਕੀਤੀ ਜਾਵੇਗੀ।ਕਿਸ਼ਤਾ ਲੇਟ ਹੋਣ ਦੀ ਸੂਰਤ ਵਿੱਚ 12%+3% ਦੰਢ ਵਿਆਜ ਨਾਲ ਲਿਆ ਜਾਵੇਗਾ।

For Example :-

| From | To | Rent to be deposited with 12% |
|---|---|---|
| 01-April | 30-June | From 01-07 April |
| 01-Jul | 30-Sep. | From 01-07 July |
| 01-Oct | 31-Dec. | From 01-07 Oct. |
| 1-Jan | 31-March | From 01-07 Jan |

9) ਜੇਕਰ ਠੇਕੇਦਾਰ/ਏਜੰਸੀ ਵਲੋਂ ਦੋ ਤਿਮਾਹੀ ਕਿਸ਼ਤਾ ਦੀ ਲਗਾਤਾਰ ਅਦਾਇਗੀ ਨਹੀਂ ਕੀਤੀ ਜਾਂਦੀ ਤਾਂ ਬਿਨਾਂ ਨੋਟਿਸ ਜਾਰੀ ਕੀਤੇ ਅਲਾਟਮੈਂਟ ਰੱਦ ਸਮਝੀ ਜਾਵੇਗੀ।

10) ਪ੍ਰੀ-ਪੇਡ ਟੈਕਸੀ ਬੂਥ ਦੀ ਉਸਾਰੀ ਦਾ ਖਰਚਾ ਠੇਕੇਦਾਰ/ਏਜੰਸੀ ਵਲੋਂ ਕੀਤਾ ਜਾਵੇਗਾ।

11) ਪ੍ਰੀ-ਪੇਡ ਟੈਕਸੀ ਬੂਥ ਤੇ ਇਕ ਕਾਲ ਸੈਂਟਰ ਸਥਾਪਤ ਕੀਤਾ ਜਾਵੇਗਾ, ਜੋ 24X7 ਘੰਟੇ/ਦਿਨ-ਰਾਤ ਕੰਮ ਕਰੇਗਾ।

12) ਪ੍ਰੀ-ਪੇਡ ਟੈਕਸੀ ਸੇਵਾਵਾਂ ਲਈ ਦਰਾਂ ਗ੍ਰਾਹਕ ਤੋਂ ਚਾਰਜ ਕਰਨ ਤੋਂ ਪਹਿਲਾਂ ਠੇਕੇਦਾਰ/ਏਜੰਸੀ ਵਲੋਂ ਮੁੱਖ ਪ੍ਰਸ਼ਾਸਕ, ਏਡੀਏ,ਅੰਮ੍ਰਿਤਸਰ ਤੋਂ ਵਿਧੀਵਤ ਪ੍ਰਵਾਨਗੀ ਪ੍ਰਾਪਤ ਕਰੇਗਾ। ਠੇਕੇਦਾਰ/ਏਜੰਸੀ ਵਲੋਂ ਉਪਭੋਗਤਾਵਾਂ ਨੂੰ ਪ੍ਰਿੰਟ ਕੀਤੇ ਬਿਲ ਪ੍ਰਦਾਨ ਕੀਤੇ ਜਾਣਗੇ।ਸਮਰਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨਾਂ ਦਰਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ।

6

13) ਪਾਰਕਿੰਗ ਟੈਕਸੀਆਂ ਲਈ ਢੁਕਵਾ ਪ੍ਰਬੰਧ ਠੇਕੇਦਾਰ/ਏਜੰਸੀ ਵਲੋਂ ਆਪਣੇ ਪੱਧਰ ਤੇ ਕੀਤਾ ਜਾਵੇਗਾ,ਜਿਸ ਨੂੰ ਸੁਰੂ ਕਰਨ ਤੋਂ ਪਹਿਲਾ ਠੇਕੇਦਾਰ ਮੁੱਖ ਪ੍ਰਸ਼ਾਸਕ, ਏਡੀਏ,ਅੰਮ੍ਰਿਤਸਰ ਤੋਂ ਵਿਧੀਵਤ ਪ੍ਰਵਾਨਗੀ ਪ੍ਰਾਪਤ ਕਰੇਗਾ।

14) ਸਫ਼ਲ ਬੋਲੀਕਾਰ ਇਕ ਹਫ਼ਤੇ ਦੇ ਅੰਦਰ-ਅੰਦਰ ਅਲਾਟਮੈਂਟ ਪੱਤਰ ਜਾਰੀ ਹੋਣ ਤੋਂ ਬਾਅਦ ਸਾਈਟ ਤੇ ਕੰਮ ਨਹੀਂ ਲੈਣਾ ਚਾਹੁੰਦਾ ਹੈ,ਤਾਂ ਅਲਾਟਮੈਂਟ ਰੱਦ ਕਰਦੇ ਹੋਏ ਉਸ ਦੁਆਰਾ ਜਮ੍ਹਾਂ ਕਰਵਾਈ ਗਈ ਰਾਸ਼ੀ ਜਬਤ ਕਰ ਲਈ ਜਾਵੇਗੀ।

15) ਸਾਰੇ ਟੈਕਸ /ਚਾਰਜ ਜਿਵੇਂ ਬਿਜਲੀ,ਸੀਵਰੇਜ ਦੇ ਬਿਲ,ਬਿਲਡਿੰਗ ਟੈਕਸ, ਪ੍ਰਾਪਰਟੀ ਟੈਕਸ ਜਾਂ ਸਰਕਾਰ ਦੁਆਰਾ ਲਗਾਏ ਗਏ ਕੋਈ ਟੈਕਸ/ਚਾਰਜ ਜਾਂ ਸਰਕਾਰ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਕੀਤੀ ਗਈ ਸੋਧੀ ਦਰ ਆਦਿ ਤੇ ਠੇਕੇਦਾਰ ਦੁਆਰਾ ਅਦਾ ਕੀਤੇ ਜਾਣਗੇ।

16) ਠੇਕੇਦਾਰ/ਏਜੰਸੀ ਵਲੋਂ ਹਰੇਕ ਬੂਥ ਤੇ ਪ੍ਰੀਪੇਡ ਸੇਵਾਵਾਂ ਲਈ ਦਰਾਂ ਨੂੰ ਸਪਸ਼ਟ ਤੌਰ ਤੇ ਦਰਸਾਉਂਦਾ ਬੋਰਡ ਲਗਾਇਆ ਜਾਵੇਗਾ।

17) ਪ੍ਰੀਪੇਡ ਟੈਕਸੀ ਬੂਥ ਅਤੇ ਸੇਵਾਵਾਂ ਨੂੰ ਚਲਾਉਣਾ ਠੇਕੇਦਾਰ/ਏਜੰਸੀ ਦੀ ਇੱਕਲੀ ਜਿੰਮੇਵਾਰੀ ਹੋਵੇਗੀ।ਠੇਕਾ ਅੱਗੇ ਸਬਲਿਟ ਨਹੀਂ ਕਰੇਗਾ ਨਾਂ ਹੀ ਭਾਈਵਾਲ ਰੱਖੇਗਾ ਅਤੇ ਨਾ ਹੀ ਆਪਣੀ ਮਦਦ ਲਈ 18 ਸਾਲ ਤੋਂ ਘੱਟ ਉਮਰ ਦੇ ਬੱਚਿਆ ਨੂੰ ਰੱਖੇਗਾ। ਜੇਕਰ ਕਿਸੇ ਕਾਰਨ ਕਰਕੇ ਪ੍ਰੀਪੇਡ ਟੈਕਸੀ ਸਟੈਂਡ ਚਾਲੂ ਨਹੀਂ ਹੈ, ਤਾਂ ਵਿਭਾਗ ਇਸ ਲਈ ਠੇਕੇਦਾਰ ਜਾਂ ਕਿਸੇ ਹੋਰ ਵਿਅਕਤੀ ਦੇ ਕਿਸੇ ਵੀ ਦਾਅਵੇ ਨੂੰ ਸਵੀਕਾਰ ਨਹੀਂ ਕਰੇਗਾ।

18) ਗਲਿਆਰਾ ਪ੍ਰੋਜੈਕਟ, ਏਡੀਏ, ਅੰਮ੍ਰਿਤਸਰ ਬਿਨਾਂ ਕਿਸੇ ਕਾਰਨ ਦੱਸੇ ਇਕ ਮਹੀਨੇ ਦਾ ਨੋਟਿਸ ਦੇ ਕੇ ਅਲਾਟਮੈਂਟ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ।

19) ਠੇਕੇਦਾਰ/ਏਜੰਸੀ ਇਮਾਰਤ ਦੇ ਕਿਸੇ ਵੀ ਹਿੱਸੇ ਤੇ ਕੋਈ ਇਸਤਿਹਾਰ ਪ੍ਰਦਰਸ਼ਿਤ ਨਹੀਂ ਕਰੇਗਾ ਜਾਂ ਹੋਰਡਿੰਗ ਨਹੀਂ ਲਗਾਏਗਾ।

20) ਠੇਕੇਦਾਰ/ਏਜੰਸੀ ਨੂੰ ਉਸ ਦੁਆਰਾ ਪ੍ਰਦਾਨ ਕੀਤੀ ਪ੍ਰੀਪੇਡ ਟੈਕਸੀ ਸੇਵਾ ਦੇ ਦੌਰਾਨ ਉਪਭੋਗਤਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਨਾਉਣਾ ਪਵੇਗਾ।

21) ਸਰਕਾਰੀ ਨਿਯਮਾਂ ਅਨੁਸਾਰ ਕੰਮ ਕਰਨ ਲਈ ਸਾਰੇ ਲੋੜੀਂਦੇ ਬੀਮਾ/ਸੁਰੱਖਿਆ ਉਪਾਅ ਠੇਕੇਦਾਰ/ਏਜੰਸੀ ਵੱਲੋਂ ਆਪਣੇ ਖਰਚੇ ਤੇ ਕੀਤੇ ਜਾਣਗੇ। ਚੋਰੀ ਜਾਂ ਕਿਸੇ ਨੁਕਸਾਨ ਦੀ ਸਥਿਤੀ ਵਿੱਚ ਵਿਭਾਗ ਜਿੰਮੇਵਾਰ ਨਹੀਂ ਹੋਵੇਗਾ।

22) ਪ੍ਰੀਪੇਡ ਟੈਕਸੀ ਸੇਵਾਵਾਂ ਠੇਕੇਦਾਰਾ ਦੁਆਰਾ ਟ੍ਰਾਂਸਪੋਰਟ ਅਥਾਰਟੀ, ਅੰਮ੍ਰਿਤਸਰ ਦੁਆਰਾ ਨਿਰਧਾਰਤ /ਮੰਜ਼ੂਰ ਕੀਤੇ ਨਿਯਮਾਂ/ਨਿਯਮਾਂ ਅਨੁਸਾਰ ਪ੍ਰਦਾਨ ਕੀਤੀਆਂ ਜਾਣਗੀਆਂ।

23) ਠੇਕੇਦਾਰ ਆਪਣੀ ਲਾਗਤ ਤੇ ਇਮਾਰਤ ਨੂੰ ਸਹੀ ਸਫਾਈ ਦੀ ਸਥਿਤੀ ਵਿੱਚ ਰੱਖੇਗਾ ਅਤੇ ਗਲਿਆਰਾ ਪ੍ਰੋਜੈਕਟ ਦੇ ਅਧਿਕਾਰੀਆਂ ਅਤੇ ਹੋਰ ਵਿਭਾਗਾਂ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੇਗਾ ।ਸਫਾਈ,ਰੱਖ ਰਖਾਅ ਆਦਿ ਵਰਗੇ ਸਾਰੇ ਖਰਚੇ ਠੇਕੇਦਾਰਾ ਦੁਆਰਾ ਕੀਤੇ ਜਾਣਗੇ।

24) ਵਪਾਰਕ ਕਾਰਵਾਈ ਸੁਰੂ ਕਰਨ ਲਈ ਲਏ ਗਏ ਅਸਲ ਸਮੇਂ ਦੇ ਤੀਹ ਦਿਨਾਂ ਦੀ ਗਰਭ ਅਵਸਥਾ , ਜੋ ਵੀ ਪਹਿਲਾ ਹੋਵੇ ਮੰਨੀ ਜਾਵੇਗੀ।

25) ਕਿਸੇ ਵੀ ਸਮੇਂ ਕਿਸੇ ਵੀ ਸ਼ਰਤ ਦੀ interpretation ਦਾ ਕੋਈ doubt ਆਉਂਦਾ ਹੈ ਜਾਂ 2 interpretation ਨਿਕਲਦੀਆਂ ਹਨ ਤਾਂ ਸਮਰਥ ਅਧਿਕਾਰੀ ਵਲੋਂ ਕੀਤੀ ਗਈ interpretation ਨੂੰ final ਸਮਝਿਆ ਜਾਵੇਗਾ।

26) ਅਚਾਨਕ ਜੰਗ/ਭੁਚਾਲ/ਹੜ੍ਹ ਕੋਵਿਡ ਜਾਂ ਹੋਰ ਕੁਦਰਤੀ ਆਫਤਾਂ ਕਾਰਨ ਆਵਾਜਾਈ ਬੰਦ ਰਹਿੰਦੀ ਹੈ ਕਰੋਨਾ ਮਹਾਂਮਾਰੀ ਕਾਰਨ ਲਾਕਡਾਊਨ ਘੋਸ਼ੀਤ ਕੀਤਾ ਹੈ ਤਾਂ ਇਸ ਬੰਦੀ ਦੇ ਸਮੇ ਲਈ ਠੇਕੇਦਾਰ ਠੇਕੇ ਦੀ ਰਕਮ ਜਮ੍ਹਾਂ ਕਰਵਾਉਣ ਲਈ ਪਾਬੰਦ ਨਹੀ ਹੋਵੇਗਾ।

27) ਸਮਰਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਠੇਕੇ ਦੀ ਮਿਆਦ ਨੂੰ ਵਧਾਇਆ ਜਾ ਸਕਦਾ ਹੈ।

28) ਜੇਕਰ ਠੇਕੇਦਾਰ ਪ੍ਰੀ-ਪੇਡ ਟੈਕਸੀ ਸਟੈਂਡ ਠੇਕਾ ਮਿਆਦ ਤੋ ਪਹਿਲਾਂ ਛੱਡ ਕੇ ਜਾਂਦਾ ਹੈ ਤਾਂ ਪ੍ਰੀ-ਪੇਡ ਟੈਕਸੀ ਸਟੈਂਡ ਦੀ ਸਕਿਊਰਟੀ ਵੱਜੋ ਜਮ੍ਹਾਂ ਰਕਮ ਜਬਤ ਕਰ ਲਈ ਜਾਵੇਗੀ ਅਤੇ ਠੇਕੇ ਦੀ ਕੁੱਲ ਰਕਮ 18% ਵਿਆਜ ਨਾਲ ਵਸੂਲ ਕੀਤੀ ਜਾਵੇਗੀ।

29) ਠੇਕੇਦਾਰ/ਏਜੰਸੀ ਵੱਲੋ ਸ਼ਰਤਾਂ ਦੀ ਉਲੰਘਣਾ ਸਬੰਧੀ ਡਿਪਟੀ ਕਮਿਸ਼ਨਰ-ਕਮ-ਪੋਜੈਕਟ ਡਾਇਰੈਕਟਰ, ਗਲਿਆਰਾ ਪ੍ਰੋਜੈਕਟ, ਅੰਮ੍ਰਿਤਸਰ ਜਾਂ ਉਹਨਾ ਵੱਲੋ ਲਿਆ ਗਿਆ ਫੈਸਲਾ ਆਖਰੀ ਹੋਵੇਗਾ । ਆਪ ਦੇ ਕਸੂਰ/ਵਜ੍ਹਾਂ ਜਾਂ ਠੇਕੇ ਦੀ ਨਿਰਧਾਰਤ ਸ਼ਰਤਾਂ ਦੀ ਉਲੰਘਣਾ ਕਰਨ ਕਾਰਨ ਜੇਕਰ ਠੇਕਾ ਦੁਬਾਰਾ ਨਿਲਾਮ ਕੀਤਾ ਜਾਂਦਾ ਹੈ ਤਾਂ ਠੇਕੇਦਾਰ ਪਾਸੋ ਸਰਕਾਰ ਨੂੰ ਹੋਣ ਵਾਲੇ ਘਾਟੇ ਦੀ ਰਕਮ ਵਸੂਲ ਕੀਤੀ ਜਾਵੇਗੀ।

ਉਪਰੋਕਤ ਸਾਰੀਆਂ ਸ਼ਰਤਾਂ ਮੌਜੂਦਾ ਬੋਲੀਕਾਰ/ਠੇਕੇਦਾਰ/ਏਜੰਸੀ ਨੂੰ ਪ੍ਰਵਾਨ ਕਰਨੀਆ ਹੋਣਗੀਆਂ ਅਤੇ ਜੇਕਰ ਠੇਕੇਦਾਰ ਉਕਤ ਸ਼ਰਤਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੀ ਠੇਕੇਦਾਰੀ ਤੁਰੰਤ ਮਾਨਯੋਗ ਡਿਪਟੀ ਕਮਿਸ਼ਨਰ-ਪ੍ਰੋਜੈਕਟ ਡਾਇਰੈਕਟਰ, ਗਲਿਆਰਾ ਪ੍ਰੋਜੈਕਟ, ਅੰਮ੍ਰਿਤਸਰ ਵੱਲੋਂ ਰੱਦ ਕਰ ਦਿੱਤੀ ਜਾਵੇਗੀ ਅਤੇ ਠੇਕੇਦਾਰ ਦਾ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਅਤੇ ਨਾ ਹੀ ਠੇਕੇਦਾਰ ਨੂੰ ਕਿਸੇ ਕਿਸਮ ਦਾ ਕੋਈ ਹਰਜਾਨਾ ਦਿੱਤਾ ਜਾਵੇਗਾ। ਠੇਕੇ ਦੀ ਬਕਾਇਆ ਦੀ ਰਹਿੰਦੀ ਰਾਸ਼ੀ ਠੇਕੇਦਾਰ ਪਾਸੋ ਵਸੂਲ ਕੀਤੀ ਅਤੇ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਰਾਖਵੀ ਅਤੇ ਰਿਜਰਵ ਕੀਮਤ

| Sr.No. | Description of Work | Reserve Price(P.M) | Earnest Money | Rate of be quoted by the agency( GST as applicable will be deposited extra). |
|---|---|---|---|---|
| 1 | Prepaid Taxi Booths ( 2 Nos) in the area under Galiara Project | Rs.1.25Lac+ GST Per booth as applicable | Rs.1 Lac | |

ਮੁੱਖ ਪ੍ਰਸ਼ਾਸਕ,
ਗਲਿਆਰਾ ਪ੍ਰੋਜੈਕਟ,
ਬੋਡੀਏ, ਅੰਮ੍ਰਿਤਸਰ।

ਗਲਿਆਰਾ ਪ੍ਰੋਜੈਕਟ ਅਧੀਨ ਚੱਲ ਰਹੇਂ ਲੈਵਾਟਰੀ ਸੈਟਾ ਦਾ ਵੇਰਵਾ:

1) Near Baba Attal Sahib Ji
2) Near Chowk Paraagdass
3) Near Bazar Pappara Wala
4) Near Atta Mandi
5) Urinal Set near Bibi Kaulan Ji Gurudwara
6) Jain School near Kathian Wala Bazar
7) Shani Mandir

Terms And Conditions Of Lav. Sets.

1) ਠੇਕੇ ਦਾ ਸਮਾਂ ਦੋ ਸਾਲ ਲਈ ਹੋਵੇਗਾ। ਇਹ ਠੇਕਾ ਖੁੱਲੀ ਬੋਲੀ ਰਾਹੀਂ ਨਿਲਾਮ ਕੀਤਾ ਜਾਵੇਗਾ।

2) ਮੌਕੇ ਤੇ ਬੋਲੀ ਮਨਸੂਖ ਕਰਨ ਜਾਂ ਮੰਜੂਰ ਕਰਨ ਦਾ ਪੂਰਾ ਅਧਿਕਾਰ ਅਸਟੇਟ ਅਫ਼ਸਰ,ਗਲਿਆਰਾ ਪ੍ਰੋਜੈਕਟ,ਏਡੀਏ,ਅੰਮ੍ਰਿਤਸਰ ਪਾਸ ਰਾਖਵਾ ਹੋਵੇਗਾ ਅਤੇ ਅੰਤਿਮ ਬੋਲੀ ਦੀ ਘੋਸ਼ਣਾ ਘੱਟੋ-ਘੱਟ ਤਿੰਨ ਵਿਅਕਤੀਆਂ/ਬੋਲੀਕਾਰਾਂ ਦੇ ਹਸਤਾਖਰ ਹੋਣ ਉਪਰੰਤ ਕੀਤੀ ਜਾਵੇਗੀ।

3) ਉਹ ਵਿਅਕਤੀ ਕਿਸੇ ਵੀ ਮੱਦ ਦੀ ਬੋਲੀ ਦੇਣ ਦਾ ਹੱਕਦਾਰ ਨਹੀਂ ਹੋਵੇਗਾ ਜੋ ਪਹਿਲਾ ਸਰਕਾਰ ਦਾ ਬਾਕੀਦਾਰ ਹੋਵੇ।

4) ਭਾਗ ਲੈਣ ਵਾਲੇ ਬੋਲੀਕਾਰ ਵਲੋਂ ਘੱਟੋ ਘੱਟ ਤਿੰਨ ਸਾਲ ਦਾ ਤਜਰਬਾ ਸਰਟੀਫਿਕੇਟ ਦਿੱਤਾ ਜਾਵੇ ।

5) ਬੋਲੀਕਾਰ ਵਲੋਂ ਬੋਲੀ ਦੇਣ ਤੋਂ ਪਹਿਲਾ Earnest Money 20,000/-(ਨਕਦ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਸਫਲਤਾ ਪੂਰਵਕ ਬੋਲੀ ਹੋਣ ਤੇ ਸਫ਼ਲ ਬੋਲੀਕਰਤਾ ਦੀ Earnest Money ਸਕਿਊਰਟੀ ਰਕਮ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ।ਅਸਫ਼ਲ ਬੋਲੀਕਾਰ ਵਲੋਂ Earnest Money ਵਜੋਂ ਜਮ੍ਹਾਂ ਕਰਵਾਈ ਗਈ ਰਾਸ਼ੀ ਰਿਫੰਡ ਕਰ ਦਿੱਤੀ ਜਾਵੇਗੀ।

6) ਨਿਲਾਮੀ ਬੋਲੀ ਦੀ ਅੰਤਿਮ ਮੰਜੂਰੀ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਪ੍ਰੋਜੈਕਟ ਡਾਇਰੈਕਟਰ, ਅੰਮ੍ਰਿਤਸਰ ਜੀ ਦੀ ਪ੍ਰਵਾਨਗੀ ਤੋਂ ਬਾਅਦ ਹੀ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇਗੀ।

7) ਠੇਕਾ ਜਿਸ ਵਿਅਕਤੀ ਦੇ ਨਾਮ ਤੇ ਮੰਜੂਰ ਹੋਵੇਗਾ ਉਸ ਨੂੰ ਬੋਲੀ ਦੀ ਪੂਰੀ ਰਾਸ਼ੀ ਦਾ 10% ਹਿੱਸਾ ਮੌਕੇ ਤੇ ਹੀ ਨਕਦ ਰਾਸ਼ੀ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਦਾ 15% ਹਿੱਸਾ 7 ਦਿਨਾ ਦੇ ਅੰਦਰ-ਅੰਦਰ ਡਿਮਾਂਡ ਡਰਾਫਟ ਜੋ ਮੁੱਖ ਪ੍ਰਸ਼ਾਸਕ, ਗਲਿਆਰਾ ਪ੍ਰੋਜੈਕਟ, ਏਡੀਏ,ਅੰਮ੍ਰਿਤਸਰ ਦੇ ਨਾ ਤੇ ਹੋਵੇ ਜਮ੍ਹਾਂ ਕਰਵਾਏਗਾ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਵਲੋਂ ਜਮ੍ਹਾਂ ਕਰਵਾਈ ਗਈ earnest money+10% ਰਾਸ਼ੀ ਜਬਤ ਕਰ ਲਈ ਜਾਵੇਗੀ।

8) ਬੋਲੀ ਦੀ ਬਕਾਇਆ ਰਹਿੰਦੀ ਰਾਸ਼ੀ ਦਾ 75% ਹਿੱਸਾ 8 ਬਰਾਬਰ ਤਿਮਾਹੀਆ ਕਿਸ਼ਤਾਂ ਵਿੱਚ ਤਿਮਾਹੀ ਸ਼ੁਰੂ ਹੋਣ ਤੋਂ 07 ਦਿਨ ਵਿੱਚ 12% ਵਿਆਜ ਨਾਲ ਲਿਆ ਜਾਵੇਗਾ। ਬਣਦੀ ਕਿਸ਼ਤ ਸਮੇਤ ਵਿਆਜ ਤੋਂ ਘੱਟ ਦੀ ਰਕਮ ਮੰਜੂਰ ਨਹੀਂ ਕੀਤੀ ਜਾਵੇਗੀ।ਕਿਸ਼ਤਾ ਲੇਟ ਹੋਣ ਦੀ ਸੂਰਤ ਵਿੱਚ 12%+3% ਦੰਢ ਵਿਆਜ ਨਾਲ ਲਿਆ ਜਾਵੇਗਾ।

For Example :-

| From | To | Rent to be deposited with 12% |
|---|---|---|
| 01-April | 30-June | From 01-07 April |
| 01-Jul | 30-Sep. | From 01-07 July |
| 01-Oct | 31-Dec. | From 01-07 Oct. |
| 1-Jan | 31-March | From 01-07 Jan |

9) ਜੇਕਰ ਠੇਕੇਦਾਰ/ਏਜੰਸੀ ਵਲੋਂ ਦੋ ਤਿਮਾਹੀ ਕਿਸ਼ਤਾ ਦੀ ਲਗਾਤਾਰ ਅਦਾਇਗੀ ਨਹੀਂ ਕੀਤੀ ਜਾਂਦੀ ਤਾਂ ਬਿਨਾਂ ਨੋਟਿਸ ਜਾਰੀ ਕੀਤੇ ਅਲਾਟਮੈਂਟ ਰੱਦ ਸਮਝੀ ਜਾਵੇਗੀ।

10) Allottee shall maintain the aforesaid toilets,urinals etc. on "Pay & Use " basis for 24 hours at the following rates:

A) Toilet Rs.5/-
B) Urinal Rs.2/-
c) Bath Rs.5/-

11) ਸਫ਼ਲ ਬੋਲੀਕਾਰ ਇਕ ਹਫ਼ਤੇ ਦੇ ਅੰਦਰ-ਅੰਦਰ ਅਲਾਟਮੈਂਟ ਪੱਤਰ ਜਾਰੀ ਹੋਣ ਤੋਂ ਬਾਅਦ ਸਾਈਟ ਤੇ ਕੰਮ ਨਹੀਂ ਲੈਣਾ ਚਾਹੁੰਦਾ ਹੈ,ਤਾਂ ਅਲਾਟਮੈਂਟ ਰੱਦ ਕਰਦੇ ਹੋਏ ਉਸ ਦੁਆਰਾ ਜਮ੍ਹਾਂ ਕਰਵਾਈ ਗਈ ਰਾਸ਼ੀ ਜਬਤ ਕਰ ਲਈ ਜਾਵੇਗੀ।

12) ਗਲਿਆਰਾ ਪ੍ਰੋਜੈਕਟ, ਏਡੀਏ, ਅੰਮ੍ਰਿਤਸਰ ਬਿਨਾਂ ਕਿਸੇ ਕਾਰਨ ਦੱਸੇ ਇਕ ਮਹੀਨੇ ਦਾ ਨੋਟਿਸ ਦੇ ਕੇ ਅਲਾਟਮੈਂਟ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ।

13) ਠੇਕੇਦਾਰ/ਏਜੰਸੀ ਨੂੰ ਉਸ ਦੁਆਰਾ ਪ੍ਰਦਾਨ ਕੀਤੀ ਸੇਵਾ ਦੇ ਦੌਰਾਨ ਉਪਭੋਗਤਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਨਾਉਣਾ ਪਵੇਗਾ।

14) ਸਰਕਾਰੀ ਨਿਯਮਾਂ ਅਨੁਸਾਰ ਕੰਮ ਕਰਨ ਲਈ ਸਾਰੇ ਲੋੜੀਂਦੇ ਬੀਮਾ/ਸੁਰੱਖਿਆ ਉਪਾਅ ਠੇਕੇਦਾਰ/ਏਜੰਸੀ ਵੱਲੋਂ ਆਪਣੇ ਖਰਚੇ ਤੇ ਕੀਤੇ ਜਾਣਗੇ। ਚੋਰੀ ਜਾਂ ਕਿਸੇ ਨੁਕਸਾਨ ਦੀ ਸਥਿਤੀ ਵਿੱਚ ਵਿਭਾਗ ਜਿੰਮੇਵਾਰ ਨਹੀਂ ਹੋਵੇਗਾ।

15) ਮੁੱਖ ਡਰੇਨੇਜ ਲਾਈਨਾਂ ਦੀ ਸਫਾਈ ਅਤੇ ਸਫਾਈ ਸਬੰਧੀ ਸੇਵਾਵਾਂ ਅਲਾਟੀ ਦੁਆਰਾ ਪ੍ਰਦਾਨ ਕੀਤੀਆਂ ਜਾਣਗੀਆਂ।

16) ਜੇਕਰ ਕਿਸੇ ਵੀ ਸਮੇਂ ਕਿਸੇ ਵੀ ਸ਼ਰਤ ਦੀ interpretation ਦਾ ਕੋਈ doubt ਆਉਂਦਾ ਹੈ ਜਾਂ 2 interpretation ਨਿਕਲਦੀਆਂ ਹਨ ਤਾਂ ਸਮਰਥ ਅਧਿਕਾਰੀ ਵਲੋਂ ਕੀਤੀ ਗਈ interpretation ਨੂੰ final ਸਮਝਿਆ ਜਾਵੇਗਾ।

17) ਅਚਾਨਕ ਜੰਗ/ਭੁਚਾਲ/ਹੜ੍ਹ ਕੋਵਿਡ ਜਾਂ ਹੋਰ ਕੁਦਰਤੀ ਆਫਤਾਂ ਕਾਰਨ ਆਵਾਜਾਈ ਬੰਦ ਰਹਿੰਦੀ ਹੈ ਕਰੋਨਾ ਮਹਾਂਮਾਰੀ ਕਾਰਨ ਲਾਕਡਾਊਨ ਘੋਸ਼ੀਤ ਕੀਤਾ ਹੈ ਤਾਂ ਇਸ ਬੰਦੀ ਦੇ ਸਮੇ ਲਈ ਠੇਕੇਦਾਰ ਠੇਕੇ ਦੀ ਰਕਮ ਜਮ੍ਹਾਂ ਕਰਵਾਉਣ ਲਈ ਪਾਬੰਦ ਨਹੀ ਹੋਵੇਗਾ।

18) ਸਮਰਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਠੇਕੇ ਦੀ ਮਿਆਦ ਨੂੰ ਵਧਾਇਆ ਜਾ ਸਕਦਾ ਹੈ।

19) ਜੇਕਰ ਠੇਕੇਦਾਰ ਲੈਵਾਟਰੀ ਸਟੈਂਡ ਦਾ ਠੇਕਾ ਮਿਆਦ ਤੋ ਪਹਿਲਾਂ ਛੱਡ ਕੇ ਜਾਂਦਾ ਹੈ ਤਾਂ ਉਸ ਵਲੋਂ ਸਕਿਊਰਟੀ ਵੱਜੋ ਜਮ੍ਹਾਂ ਕਰਵਾਈ ਰਕਮ ਜਬਤ ਕਰ ਲਈ ਜਾਵੇਗੀ ਅਤੇ ਠੇਕੇ ਦੀ ਕੁੱਲ ਰਕਮ 18% ਨਾਲ ਵਿਆਜ ਵਸੂਲ ਕੀਤਾ ਜਾਵੇਗਾ। ਠੇਕੇਦਾਰ ਦੇ ਕਸੂਰ/ਵਜ੍ਹਾਂ ਜਾਂ ਠੇਕੇ ਦੀ ਨਿਰਧਾਰਤ ਸ਼ਰਤਾਂ ਦੀ ਉਲੰਘਣਾ ਕਰਨ ਕਾਰਨ ਜੇਕਰ ਠੇਕਾ ਦੁਬਾਰਾ ਨਿਲਾਮ ਕੀਤਾ ਜਾਂਦਾ ਹੈ ਤਾਂ ਠੇਕੇਦਾਰ ਪਾਸੋ ਸਰਕਾਰ ਨੂੰ ਹੋਣ ਵਾਲੇ ਘਾਟੇ ਦੀ ਰਕਮ ਵਸੂਲ ਕੀਤੀ ਜਾਵੇਗੀ।

20) ਠੇਕੇਦਾਰ/ਏਜੰਸੀ ਵੱਲੋ ਸ਼ਰਤਾਂ ਦੀ ਉਲੰਘਣਾ ਬਾਰੇ ਡਿਪਟੀ ਕਮਿਸ਼ਨਰ-ਕਮ-ਪ੍ਰੋਜੈਕਟ ਡਾਇਰੈਕਟਰ, ਗਲਿਆਰਾ ਪ੍ਰੋਜੈਕਟ, ਅੰਮ੍ਰਿਤਸਰ ਜਾਂ ਉਹਨਾ ਵੱਲੋ ਲਿਆ ਗਿਆ ਫੈਸਲਾ ਆਖਰੀ ਹੋਵੇਗਾ । ਠੇਕੇਦਾਰ ਦੇ ਕਸੂਰ/ਵਜ੍ਹਾਂ ਜਾਂ ਠੇਕੇ ਦੀ ਨਿਰਧਾਰਤ ਸ਼ਰਤਾਂ ਦੀ ਉਲੰਘਣਾ ਕਰਨ ਕਾਰਨ ਜੇਕਰ ਠੇਕਾ ਦੁਬਾਰਾ ਨਿਲਾਮ ਕੀਤਾ ਜਾਂਦਾ ਹੈ ਤਾਂ ਠੇਕੇਦਾਰ ਪਾਸੋ ਸਰਕਾਰ ਨੂੰ ਹੋਣ ਵਾਲੇ ਘਾਟੇ ਦੀ ਰਕਮ ਵਸੂਲ ਕੀਤੀ ਜਾਵੇਗੀ।

21) ਠੇਕਾ ਅੱਗੇ ਸਬਲਿਟ ਨਹੀ ਕੀਤਾ ਜਾਵੇਗਾ। ਜੇਕਰ ਠੇਕਾ ਸਬਲਿਟ ਕੀਤਾ ਜਾਂਦਾ ਹੈ ਤਾਂ ਠੇਕਾ ਰੱਦ ਕਰ ਦਿੱਤਾ ਜਾਵੇਗਾ।

22) ਠੇਕੇਦਾਰ ਆਪਣੀ ਮਦਦ ਲਈ 18 ਸਾਲ ਤੋਂ ਘੱਟ ਉਮਰ ਦੇ ਬੱਚਿਆ ਨੂੰ ਕੰਮ ਲਈ ਨਹੀਂ ਰੱਖੇਗਾ।

23) ਠੇਕੇਦਾਰ/ਏਜੰਸੀ ਇਮਾਰਤ ਦੇ ਕਿਸੇ ਵੀ ਹਿੱਸੇ ਤੇ ਕੋਈ ਇਸਤਿਹਾਰ ਪ੍ਰਦਰਸ਼ਿਤ ਨਹੀਂ ਕਰੇਗੀ ਜਾਂ ਹੋਰਡਿੰਗ ਨਹੀਂ ਲਗਾਏਗੀ।

24) ਕਿਸੇ ਤਰ੍ਹਾਂ ਦਾ ਕੋਈ ਵੀ ਟੈਕਸ ਠੇਕੇਦਾਰ ਵਲੋਂ ਆਪਣੇ ਪੱਧਰ ਤੇ ਹੀ ਭਰਿਆ ਜਾਵੇਗਾ।

25) ਠੇਕੇਦਾਰ ਪਾਰਕਿੰਗ ਵਿੱਚ ਆਪਣੇ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਦਾ ਵੇਰਵਾ(ਨਾਮ ਮੋਬਾਇਲ ਨੰਬਰ ਆਦਿ) ਲਿਖਤੀ ਰੂਪ ਵਿੱਚ ਦੇਵੇਗਾ ਅਤੇ ਜੇਕਰ ਕਿਸੇ ਕਾਰਨ ਕਰਕੇ ਕਿਸੇ ਕਰਮਚਾਰੀ ਦਾ ਬਦਲਾਅ ਹੁੰਦਾ ਹੈ ਤਾਂ ਉਸ ਸਬੰਧੀ ਵੀ ਠੇਕੇਦਾਰ ਲਿਖ ਕੇ ਦੇਵੇਗਾ।

26) ਲੈਵਾਟਰੀ ਸੈਟ ਅੰਦਰ ਲੱਗੀ ਮਸ਼ੀਨਰੀ ਅਤੇ ਹੋਰ ਸਹੂਲਤਾਂ ਦੇ ਰੱਖ-ਰਖਾਵ ਸਬੰਧੀ ਠੇਕੇਦਾਰ ਜਿੰਮੇਵਾਰ ਹੋਵੇਗਾ ਅਤੇ ਇਸ ਸਪੱਤੀ ਨੂੰ ਹੋਏ ਨੁਕਸਾਨ ਦਾ ਵੀ ਪੂਰੀ ਤਰ੍ਹਾਂ ਜਿੰਮੇਵਾਰ ਹੋਵੇਗਾ।

27) ਲੈਵਾਟਰੀ ਬਲਾਕ ਦੇ ਅੰਦਰ ਬਣੇ ਰਿਹਾਇਸ਼ੀ ਹਿੱਸੇ ਨੂੰ ਰਿਹਾਇਸ਼ੀ ਲਈ ਕਿਰਾਏ ਤੋਂ ਮੁਫ਼ਤ ਦਿੱਤਾ ਜਾਵੇਗਾ ਅਤੇ ਸਫ਼ਾਈ ਸਮੱਗਰੀ ਅਤੇ ਸੰਚਾਲਨ ਅਤੇ ਰੱਖ ਰਖਾਵ ਲਈ ਲੋੜੀਂਦੇ ਉਪਕਰਣਾ ਨੂੰ ਸਟੋਰ ਕਰਨ ਲਈ ਵੀ ਦਿੱਤਾ ਜਾਵੇਗਾ।

28) ਸਮੇਂ ਸਮੇਂ ਤੇ ਉਕਤ ਬਲਾਕ ਦੀ ਲੋੜੀਂਦੀ ਮੁਰੰਮਤ, ਟੁਟਣ, ਸੈਨੇਟਰੀ ਫਿਟਿੰਗ ਦੀ ਬਦਲੀ, ਇਲੈਕਟ੍ਰਿਕ ਫਿਟਿੰਗਸ ,ਲੱਕੜ ਦਾ ਕੰਮ, ਖਿੜਕੀਆਂ ਦੇ ਪੈਨ ਆਦਿ ਸਫੈਦ/ਰੰਗ ਰੋਗਣ ਠੇਕੇਦਾਰ ਵਲੋਂ ਆਪਣੇ ਸਰੋਤਾਂ ਤੋਂ ਕੀਤਾ ਜਾਵੇਗਾ।

29) ਠੇਕੇਦਾਰ ਟਾਇਲਟ ਬਲਾਕਾਂ ਦੇ ਸੰਚਾਲਨ ਅਤੇ ਰੱਖ ਰਖਾਅ ਲਈ ਪੰਪਿੰਗ ਅਤੇ ਸਟੋਰੇਜ ਪ੍ਰਬੰਧਾ ਦੇ ਨਾਲ ਬਿਜਲੀ ਅਤੇ ਪਾਣੀ ਦੀ ਸਪਲਾਈ ਪ੍ਰਦਾਨ ਕਰੇਗੀ। ਬਿਜਲੀ/ਪਾਣੀ ਦੇ ਬਿੱਲ ਦਾ ਭੁਗਤਾਨ ਠੇਕੇਦਾਰ ਵਲੋਂ ਕੀਤਾ ਜਾਵੇਗਾ।

30) ਸਮਰਥ ਅਧਿਕਾਰੀਆਂ ਦੀ ਪ੍ਰਵਾਨਗੀ ਉਪਰੰਤ ਢੁੱਕਵੀ ਜਗ੍ਹਾਂ ਤੇ ਸਾਈਨ ਬੋਰਡ ਲਗਵਾਏ ਜਾਣਗੇ।

31) ਠੇਕੇਦਾਰ ਲੈਵਾਟਰੀ ਸੈਟਾਂ ਨੂੰ ਚੰਗੀ ਤਰ੍ਹਾਂ ਨੋਟ ਕਰ ਲੈਣਾ ਚਾਹੀਦਾ ਹੈ ਕਿਉਂਕਿ ਠੇਕੇ ਤੇ as is where is basis ਤੇ ਦਿੱਤਾ ਜਾਵੇਗਾ ਅਤੇ ਠੇਕੇਦਾਰ ਵਲੋਂ ਮੌਕੇ ਨੂੰ ਚੰਗੀ ਤਰ੍ਹਾ ਦੇਖ ਕੇ ਬੋਲੀ ਦਿੱਤੀ ਜਾਵੇ।

ਉਪਰੋਕਤ ਸਾਰੀਆਂ ਸ਼ਰਤਾਂ ਮੌਜੂਦਾ ਬੋਲੀਕਾਰ/ਠੇਕੇਦਾਰ ਨੂੰ ਪ੍ਰਵਾਨ ਕਰਨੀਆ ਹੋਣਗੀਆਂ ਅਤੇ ਜੇਕਰ ਠੇਕੇਦਾਰ ਉਕਤ ਸ਼ਰਤਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੀ ਠੇਕੇਦਾਰੀ ਤੁਰੰਤ ਮਾਨਯੋਗ ਡਿਪਟੀ ਕਮਿਸ਼ਨਰ-ਪ੍ਰੋਜੈਕਟ ਡਾਇਰੈਕਟਰ, ਗਲਿਆਰਾ ਪ੍ਰੋਜੈਕਟ, ਅੰਮ੍ਰਿਤਸਰ ਵੱਲੋਂ ਰੱਦ ਕਰ ਦਿੱਤੀ ਜਾਵੇਗੀ ਅਤੇ ਠੇਕੇਦਾਰ ਦਾ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਅਤੇ ਨਾ ਹੀ ਠੇਕੇਦਾਰ ਨੂੰ ਕਿਸੇ ਕਿਸਮ ਦਾ ਕੋਈ ਹਰਜਾਨਾ ਦਿੱਤਾ ਜਾਵੇਗਾ। ਠੇਕੇ ਦੀ ਬਕਾਇਆ ਦੀ ਰਹਿੰਦੀ ਰਾਸ਼ੀ ਠੇਕੇਦਾਰ ਪਾਸੋ ਵਸੂਲ ਕੀਤੀ ਅਤੇ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਰਾਖਵੀ ਅਤੇ ਰਿਜਰਵ ਕੀਮਤ

| Sr.No. | Description of work | Reserve Rate(P.Y)+GST Extra | Earnetst Money | Rate to be quoted by the agency on per month basis +GST extra |
|---|---|---|---|---|
| 1 | Lavatory Sets Galiara Project,Amritsar for 2 year. | Rs.01.50 Lac(P.Y)+GST Extra | Rs.20,000/- | |

ਮੁੱਖ ਪ੍ਰਸ਼ਾਸਕ,
ਗਲਿਆਰਾ ਪ੍ਰੋਜੈਕਟ,
ਏਡੀਏ, ਅੰਮ੍ਰਿਤਸਰ।